# ਬੰਬ ਕੇਸ

# ਪਾਤਰ

ਵੀਰਾਂ ਵਾਲੀ

ਦੀਪੋ—ਉਸ ਦੀ ਧੀ

ਵਜ਼ੀਰਾ—ਉਸ ਦਾ ਪੁੱਤਰ

ਮਾਨਾਂ ਉਸ ਦੀ ਗੁਆਂਢਣ

ਥਾਣੇਦਾਰ

ਸਿਪਾਹੀ

# ਬੰਬ ਕੇਸ

ਵੀਰਾਂ ਵਾਲੀ ਦੇ ਘਰ ਅਗੇ ਵੇਹੜਾ।

ਥਾਣੇਦਾਰ ਅਤੇ ਸਿਪਾਹੀ ਦਾਖ਼ਲ ਹੁੰਦੇ ਹਨ।

ਥਾਣੇਦਾਰ—ਹੂੰ ! ਇਸ ਇਲਾਕੇ ਵਿਚ ਚੋਰੀਆਂ ਡਾਕੇ ਬਹੁਤ ਵਧ ਗਏ ਨੇ।

ਸਿਪਾਹੀ—ਹਜ਼ੂਰ ਕੀ ਪੁਛਦੇ ਓ, ਦਿਨ ਦਿਹਾੜੇ ਡਾਕੇ ਵਜਦੇ ਨੇ। ਪਰ ਜੇ ਥੋੜੀਆਂ ਗਸ਼ਤਾਂ ਏਕਰ ਈ ਜਾਰੀ ਰਹੀਆਂ ਤਾਂ ਸਭਨਾਂ ਨੇ ਸੁਸਰੀ ਵਾਂਗ ਸੌਂ ਜਾਣੈ। ਕਿਸੇ ਚੂੰ ਨਹੀਂ ਕਰਨੀ।

ਥਾਣੇਦਾਰ—ਮੈਂ ਸਭਨਾਂ ਦੀਆਂ ਮੁਸ਼ਕਾਂ ਕਸਾ ਦਿਆਂਗਾ। ਇਨ੍ਹਾਂ ਸਮਝਿਆ ਕੀ ਏ ? ਤੇ ਤੂੰ ਆਖਦੈਂ ਇਥੇ ਲੋਕੀਂ ਹਥਿਆਰ ਵੀ ਬਣਾਉਂਦੇ ਨੇ।

ਸਿਪਾਹੀ—ਜੀ ਤੋੜੇ ਵਾਲੀ ਬੰਦੂਕ ਤਾਂ ਘਰ ਘਰ ਐ। ਸਫ਼ਾ ਜੰਗ, ਗੁਪਤੀ, ਭਾਲਾ, ਨੇਜ਼ਾ, ਛਵ੍ਹੀ, ਕਿਹੜਾ ਹਥਿਆਰ ਐ ਜਿਹੜਾ ਨਹੀਂ ਘੜ ਲੈਂਦੇ। ਤੁਸੀਂ ਵਜ਼ੀਰੇ ਦਾ ਨਾਂ ਤਾਂ ਸੁਣਿਆ ਈ ਐ। ਇਥੇ ਮਿੱਤੂ ਲੁਹਾਰ ਦੇ ਮਹੱਲੇ ਵਿਚ ਕਿਤੇ ਰਹਿੰਦਾ ਐ। ਉਹ ਬੰਬ ਵੀ ਬਣਾਉਂਦੈ।

ਥਾਣੇਦਾਰ–ਬੰਬ ?

ਸਿਪਾਹੀ–ਜੀ ਹਾਂ ਬਬ।

ਥਾਣੇਦਾਰ–ਰਹੇ ਰੱਬ ਦਾ ਨਾਂ, ਕਿਹੋ ਜਹੇ ਨੇ ਇਥੇ ਦੇ ਲੋਕ !

ਸਿਪਾਹੀ–ਜੀ ਕੀ ਪੁਛਦੇ ਓ, ਪੱਕੇ ਡਾਕੂ ! ਇਸ ਤੋਂ ਪਹਿਲਾਂ ਜ਼ਿਮੀਂਦਾਰਾਂ ਦੀਆਂ ਜ਼ਮੀਨਾਂ ਦੱਬ ਕੇ ਬੈਠ ਗਏ ਸਨ ਤੇ ਆਖਦੇ ਸਨ ਅਸੀਂ ਵਾਹੀ ਕਰਦੇ ਆਂ, ਗੋਡੀ ਕਰਦੇ ਆਂ, ਖੇਤੀ ਕਰਦੇ ਆਂ। ਲਉ ਭਲਾ ਜੇ ਤੁਸੀਂ ਹਲ ਚਲਾਉਂਦੇ ਓ ਤਾਂ ਇਹ ਤਾਂ ਨਹੀਂ ਪਈ ਖੇਤਾਂ ਤੇ ਕਬਜ਼ਾ ਹੀ ਕਰ ਲਉ।

ਥਾਣੇਦਾਰ–ਤੂੰ ਵੇਖਦਾ ਜਾ–ਮੈਂ ਇਨ੍ਹਾਂ ਸਭਨਾਂ ਦੀ ਖੁੰਬ ਠੱਪ ਦਵਾਂਗਾ। ਹਲਾ ਤੂੰ ਆਖਿਆ ਏ ਪਈ ਇਥੇ ਬੰਬ ਬਣਾਉਣ ਵਾਲਾ ਕੋਈ ਵਜ਼ੀਰਾ ਏ।

ਸਿਪਾਹੀ–ਜੀ।

ਥਾਣੇਦਾਰ–ਹਵਾਲਦਾਰ ਕੇਹਰ ਸਿੰਘ ਦੀ ਵੀ ਇਹੋ ਰੀਪੋਟ ਏ ?

ਸਿਪਾਹੀ–ਜੀ।

ਥਾਣੇਦਾਰ–ਸਾਡੀਆਂ ਅੱਖਾਂ ਹੇਠ ਹੀ ਲੁਟ ! ਦੀਵੇ ਹੇਠ ਹਨੇਰਾ !

ਸਿਪਾਹੀ–ਜੀ ਤੁਸੀਂ ਹਾਲੇ ਨਵੇਂ ਨਵੇਂ ਇਸ ਇਲਾਕੇ ਵਿਚ ਆਏ ਓ। ਬਸ ਰਤਾ ਤੁਸੀਂ ਇਕ ਦੋ ਕੇਸ ਫੜ ਲਉ, ਫਿਰ ਅਜੇਹਾ ਕੜਕਾ ਧੜਕਾ ਬੈਠਣੈ ਜੁ ਕਿਸੇ ਬਦਮਾਸ਼ ਨੇ ਕੁਸਕਣਾ ਵੀ ਨਹੀਂ।

ਥਾਣੇਦਾਰ–ਤੇ ਖੋਜੀ ਕੀ ਆਖਦਾ ਏ ?

ਸਿਪਾਹੀ–ਇਹੋ ਜੁ ਲੁਹਾਰਾਂ ਦੇ ਮਹੱਲੇ ਇਕ ਵਜ਼ੀਰਾ ਰਹਿੰਦਾ ਐ। ਲੁਕਿਆ ਛਿਪਿਆ ਰਾਤੀਂ ਯਾ ਦਿਨੇ, ਪਤਾ ਨਹੀਂ ਕਿਸ ਵੇਲੇ ਉਹ ਬੰਬ ਤਿਆਰ ਕਰਦਾ ਐ। ਕਿਸੇ ਤੋਂ ਨਹੀਂ ਡਰਦਾ।

ਥਾਣੇਦਾਰ–ਉਸਦੀ ਸਾਰੀ ਹੈਂਕੜ ਤਾਂ ਇਕੋ ਛਿਤਰਾਲ ਵਿਚ ਕਢ ਦਿਆਂਗਾ

ਮੈਂ। ਮੇਰਾ ਮਾਰਨ ਕੁੱਟਣ ਦਾ ਤਰੀਕਾ ਬਾਕੀ ਸਭਨਾਂ ਨਾਲੋਂ ਵਖ ਏ। ਮੈਂ ਸਿੱਧੀ ਮਾਰ ਨਹੀਂ ਮਾਰਦਾ, ਪੁੱਠੀ ਮਾਰਦਾ ਹਾਂ।

ਸਿਪਾਹੀ–ਪੁੱਠੀ !

ਥਾਣੇਦਾਰ–ਹਾਂ, ਜਿਵੇਂ ਸਕੂਲ ਵਿਚ ਸਾਡਾ ਡਰਿਲ ਮਾਸਟਰ ਮਾਰਦਾ ਸੀ। ਮੈਂ ਮੁਜਰਮ ਨੂੰ ਪਿਆਰ ਪੁਚਕਾਰ ਕੇ ਗਲ ਪੁਛਦਾ ਹਾਂ–ਤੇ ਫਿਰ ਜਦ ਉਹ ਸੋਚਦਾ ਏ ਕਿ ਮੈਂ ਉਸ ਨੂੰ ਕੁਝ ਨਹੀਂ ਕਹਿਣਾ ਤਾਂ ਮੈਂ ਇਕੋ ਦਮ ਤਾਬੜ ਤੋੜ ਘੋਂਸੜੀਂ ਡਹਿ ਜਾਨਾਂ ਵਾਂ। ਰੂੜ ਸਿੰਘ ਤੇ ਬੂੜ ਸਿੰਘ ਮੈਂ ਇਸੇ ਲਈ ਨਾਲ ਰਖੇ ਨੇ। ਉਹ ਇਸ ਤਰ੍ਹਾਂ ਦੀ ਕੁਟਾਈ ਵਿਚ ਅੱਵਲ ਹਨ। ਉਨ੍ਹਾਂ ਮੇਰੇ ਤੋਂ ਇਕ ਵਾਰੀ ਇਨਾਮ ਵੀ ਲਿਆ ਸੀ। ਪਰ ਨੰਗੀ ਕੋੜ ਦੀ ਚੰਡਾਈ ਮੈਂ ਆਪ ਕਰਦਾ ਹਾਂ। ਬੱਸ ਬੈਂਤ ਭਿਓਂ ਭਿਓਂ ਮਾਰਦਾ ਹਾਂ, ਖਲੜੀ ਉਧੜ ਜਾਂਦੀ ਏ ਤੇ ਵਡੇ ਤੋਂ ਵੱਡਾ ਡਾਕੂ ਬੱਕ ਪੈਂਦਾ ਏ।

ਸਿਪਾਹੀ–ਏਸੇ ਲਈ ਤਾਂ ਸਰਕਾਰ ਨੇ ਤੁਹਾਨੂੰ ਏਸ ਥਾਣੇ ਤੇ ਲਾਇਆ ਏ। ਪਹਿਲਾਂ ਜੇਹੜੇ ਅਫ਼ਸਰ ਤੁਹਾਡੀ ਥਾਂ ਇਥੇ ਸਨ ਉਹ ਥਾਣੇ ਨੂੰ ਸੰਭਾਲ ਈ ਨਹੀਂ ਸਨ ਸਕਦੇ।

ਥਾਣੇਦਾਰ–ਮੈਂ ਇਸ ਬਦਮਾਸ਼ ਨੂੰ ਬੜੇ ਤਰੀਕੇ ਨਾਲ ਫੜਾਂਗਾ–ਗੱਲੀਂ ਗੱਲੀਂ, ਪੱਜੀਂ ਪੱਜੀਂ, ਸਾਰੀ ਸੂਹ ਲੈ ਲਵਾਂਗਾ।

ਸਿਪਾਹੀ–ਜੀ ਉਹ ਕਿਸੇ ਦੀ ਪਰਵਾਹ ਹੀ ਨਹੀਂ ਕਰਦਾ। ਬੜਾ ਹੈਂਕੜ ਖਾਂ ਏ, ਬੜਾ ਨਰ੍ਹੜੇ ਵਾਲਾ।

ਥਾਣੇਦਾਰ–ਨੰਬਰਦਾਰ ਨੂੰ ਨਾਲ ਲੈ ਕੇ ਮੈਂ ਰਤਾ ਆਵਾਰਾ ਗਿਆਂਵਾਂ ਦੇ ਮਹੱਲਿਆਂ ਦੀ ਗਸ਼ਤ ਕਰਨੀ ਏ। ਕਾਰਤੂਸਾਂ ਦੀ ਪੇਟੀ ਲੈ ਲਈ ਨਾ ?

ਸਿਪਾਹੀ–ਜੀ।

ਥਾਣੇਦਾਰ–ਤੇ ਹਥਕੜੀਆਂ ?

ਸਿਪਾਹੀ–ਜੀ ਊਹ ਵੀ।

ਥਾਣੇਦਾਰ–ਰਤਾ ਅੱਗੇ ਗੇੜਾ ਮਾਰ ਆਈਏ। ਸਾਰੀ ਥਾਂ ਦੀ ਪੜਤਾਲ ਕਰੀਏ। ਮੈਂ ਜੋ ਕੰਮ ਹਥ ਵਿਚ ਲੈ ਲਵਾਂ ਉਸ ਨੂੰ ਤੋੜ ਨਿਭਾਉਂਦਾ ਹਾਂ। ਐਨ ਤਹਿ ਤੀਕ ਪਹੁੰਚਦਾ ਹਾਂ। ਚਲ।

[ਦੋਵੇਂ ਜਾਂਦੇ ਹਨ। ਵੀਰਾਂ ਵਾਲੀ ਖੱਬੇ ਪਾਸਿਓਂ ਆਪਣੀ ਕੁੱਲੀ ਵਿਚੋਂ ਬਾਹਰ ਆਉਂਦੀ ਹੈ।

ਵੀਰਾਂ ਵਾਲੀ–(ਹਾਕ ਮਾਰ ਕੇ) ਨੀ ਦੀਪੀਏ, ਨੀ ਤੂੰ ਕਿਥੇ ਹੜਬੂੰ ਹੜਬੂੰ ਕਰਦੀ ਫਿਰਨੀ ਏਂ ?

ਦੀਪੋ–ਆਈ ਮਾਂ ਨੀ।

ਵੀਰਾਂ ਵਾਲੀ–ਨੀ ਤੂੰ ਇਹ ਕਾਹਦੇ ਗੜੱਪੇ ਲਾਉਨੀ ਏਂ।

ਦੀਪੋ–(ਆਉਂਦੀ ਹੋਈ) ਮਾਂ ਨੀ, ਭੁੱਖ ਲੱਗੀ ਸੀ। ਸੋਧਾਂ ਦੀ ਭੱਠੀ ਤੋਂ ਦਾਣੇ ਭੁਨਾ ਕੇ ਲਿਆਂਦੇ ਸਨ, ਰਤਾ ਗੁੜ ਦਾ ਭੋਰਾ ਰਲਾ ਕੇ ਮਰੁੰਡੇ ਬਣਾਂਦੀ ਸੀ।

ਵੀਰਾਂ ਵਾਲੀ–ਨੀ ਗੁੜ ਕਿਥੋਂ ਲਿਆ ਤੂੰ ?

ਦੀਪੋ–ਆਲੇ ਚੋਂ।

ਵੀਰਾਂ ਵਾਲੀ–ਗੁੜ ਬਾਝੋਂ ਦਾਣੇ ਲੰਘਦੇ ਨਹੀਂ ? ਫਿੱਟੀ ਨੀਤ ਵਾਲੀ ! ਹਰ ਵੇਲੇ ਖਾਣ ਵਿਚ ਸੁਰਤ ਰਹਿੰਦੀ ਏ। ਪਿਛਲੇ ਜਰਮ ਦੀ ਬਿੱਲੀ ਏਂ ! ਨੀ ਇਹ ਗੁੜ ਦੀ ਡਲੀ ਤਾਂ ਮੈਂ ਤੇਰੇ ਵੀਰ ਲਈ ਰੱਖੀ ਸੀ। ਤੜਕੇ ਦਾ ਗਿਆ ਏ ਕੰਮ ਕਰਨ, ਲਿਆ ਦੇਹ !

ਦੀਪੋ–ਊਂ ਊਂ, ਮੈਂ ਖਾਵਾਂਗੀ।

ਵੀਰਾਂ ਵਾਲੀ–ਨੀ ਲਿਆ ਚੰਦਰੀਏ ! ਮੈਂ ਮਸਾਂ ਗੁੜ ਦਾ ਭੋਰਾ ਲੁਕੋ ਕੇ

ਰੱਖਿਆ ਸੀ, ਲਿਆ ਫੜਾ।

ਦੀਪੋ--ਨਹੀਂ।

ਵੀਰਾਂ ਵਾਲੀ--ਨੀ ਦੇ ਦੇ ਜਿੰਦਲੇ !

ਦੀਪੋ--(ਗੁੱਸੇ ਵਿਚ) ਲੈ ਫੜ ।

[ਗੁੜ ਦੀ ਡਲੀ ਵੀਰਾਂ ਵਾਲੀ ਨੂੰ ਦੇ ਦੇਂਦੀ ਹੈ ।

ਵੀਰਾਂ ਵਾਲੀ--ਨੀ ਹੁਣ ਮੂੰਹ ਕਿਉਂ ਸੁਜਾ ਲਿਆ। ਸੁਣਦੀ ਕਿਉਂ ਨਹੀਂ ? ਏਧਰ ਆ। ਔਹ ਜੁੱਲੀਆਂ ਬਾਹਰ ਸੁੱਕਣੀਆਂ ਪਾ। ਲੈ ਫੜ, ਮੇਰੀ ਧੀ, ਬੀਬੀ ਰਾਣੀ। ਲੈ ਫੜ। ਏਸ ਚੰਦਰੇ ਮੀਂਹ ਦੇ ਕੌਣ ਵਾਰੇ ਆ ਜਾਊ। ਜਦ ਦੇ ਏਸ ਕੁੱਲੀ ਆਏ ਆਂ, ਉਪਰੋਂ ਹੇਠੋਂ ਚੋਂਦੀ ਏ।

ਦੀਪੋ--(ਜੁੱਲੀਆਂ ਫੜ ਕੇ) ਮਾਂ ਨੀ, ਸੰਤਾ ਡਾਕੀਆ ਆਖਦਾ ਸੀ ਪਈ ਦਿੱਲੀ ਵਿਚ ਤਾਂ ਸਭਨਾਂ ਨੂੰ ਪੱਕੀਆਂ ਕੋਠੜੀਆਂ ਪਵਾ ਦਿਤੀਆਂ ਸਰਕਾਰ ਨੇ। ਸਾਰੇ ਫਰੂਜੀਆਂ ਨੂੰ ਮੌਜ ਬਣ ਗਈ।

ਵੀਰਾਂ ਵਾਲੀ--ਆਹ ਜੁੱਲੀਆਂ ਸੁਕਣੀਆਂ ਪਾ ਆ, ਸਲਾਭੀਆਂ ਗਈਆਂ ਨੇ। ਤੇ ਵੇਖ ਅਜ ਜੁਆਲੀ ਦੇ ਤੰਦੂਰ ਤੇ ਰੋਟੀਆਂ ਲਾ ਲਈਂ। ਆਪਣਾ ਤੰਦੂਰ ਤਾਂ ਸਾਰਾ ਗਿੱਲਾ ਪਿਆ ਏ । ਕੁਝ ਕੰਮ ਕਰਿਆ ਕਰ ।

[ਦੀਪੋ ਜੁੱਲੀਆਂ ਲੈਕੇ ਚਲੀ ਜਾਂਦੀ ਹੈ।

ਹੇ ਰੱਬਾ ! ਹੁਣ ਇਹ ਸਿਆਣੀ ਹੋ ਗਈ ਏ। ਕੋਈ ਮੁੰਡਾ ਲੱਭੇ ਤਾਂ ਇਸ ਦਾ ਵੀ ਤਰੋਪਾਂ ਭਰਾਂ।

[ਮਾਨੋ ਆਉਂਦੀ ਹੈ।

ਆ ਕੁੜੇ ਬੈਠ ਜਾ।

[ਉਸ ਨੂੰ ਪੀੜ੍ਹੀ ਦਿੰਦੀ ਹੈ।

ਮਾਨੋ—ਨਹੀਂ ਬੇਬੇ ਬੈਠਣਾ ਨਹੀਂ, ਮੈਂ ਤਾਂ ਬੱਸ ਖੜੇ ਪੈਰ ਆਈ ਆਂ।

ਵੀਰਾਂ ਵਾਲੀ—ਕਦੀ ਬਿੰਦ ਝੱਟ ਬੈਠ ਵੀ ਜਾਇਆ ਕਰ। ਸੌ ਸੁਖ ਦੁਖ ਦੀ ਗੱਲ ਹੁੰਦੀ ਏ ਪਰ ਤੂੰ ਤਾਂ ਜਿਵੇਂ ਪਿਛੇ ਦੁਧ ਉਬਲਣਾ ਧਰ ਕੇ ਆਈ ਹੋਵੇਂ। ਬੱਸ ਸੁਰਤ ਪਿੱਛੇ ਈ ਰਹਿੰਦੀ ਏ।

ਮਾਨੋ—ਕੀ ਦੱਸਾਂ, ਓ ਮੇਰਾ ਖਰੂਦੀ ਐ ਨਾ ਪਾਲੀ, ਬੱਸ ਪੀਂਘ ਲਈ ਤੜਕੇ ਦਾ ਰੱਟਾ ਪਾਈ ਬੈਠੈ। ਅਖੇ ਤੂਤੀ ਵਿਚ ਪੀਂਘ ਪਾਉਣੀ ਐਂ। ਕੌੜੀ ਦੇ ਘਰੋਂ ਲੱਜ ਮੰਗ ਕੇ ਲਿਆਂਦੀ ਐ, ਪਰ ਲਟੈਣ ਤੇ ਪੀਂਘ ਕੌਣ ਪਾਵੇ। ਤੂੰ ਵਜੀਰੇ ਨੂੰ ਰਤਾ ਘੱਲ ਦੇ ਖਾਂ।

ਵੀਰਾਂ ਵਾਲੀ—ਓ ਤਾਂ ਬੁੱਧੇ ਮੱਲ ਦੇ ਗਿਆ ਏ।

ਮਾਨੋ—ਉਸ ਤਾਈਂ ਕੀ ਕੰਮ ਪੈ ਗਿਆ?

ਵੀਰਾਂ ਵਾਲੀ—ਪਤਾ ਨਹੀਂ, ਸ਼ੈਂਤ ਉਸ ਦੀ ਹਵੇਲੀ ਦੀਆਂ ਚੁਗਾਠਾਂ ਜੜਨ ਗਿਆ ਏ।

ਮਾਨੋ—ਇਹ ਬਾਣੀਏ ਨਿੱਤ ਹਵੇਲੀਆਂ ਖੜੀਆਂ ਕਰ ਲੈਂਦੇ ਨੇ। ਏਥੇ ਮੇਰੇ ਵਰਗੀ ਨੂੰ ਕੱਚੀ ਕੁੱਲੀ ਵੀ ਨਹੀਂ ਜੁੜਦੀ।

ਵੀਰਾਂ ਵਾਲੀ—ਹੁਣ ਤਾਂ ਦਿੱਲੀ ਵਿਚ ਸਰਕਾਰ ਸਾਰੇ ਫਰੂਜੀਆਂ ਨੂੰ ਪੱਕੇ ਕੋਠੇ ਵੰਡ ਰਹੀ ਏ। ਕਲ੍ਹ ਬੁੱਧਾ ਮਲ ਵੀ ਆਖਦਾ ਸੀ ਪਈ ਸਰਕਾਰ ਹੁਣ ਸਭਨਾਂ ਨੂੰ ਘਰ ਦਵੇਗੀ, ਤੇ ਅਜ ਸੰਤਾ ਡਾਕੀਆ ਵੀ ਇਹੋ ਗੱਲ ਦੀਪੇ ਨੂੰ ਆਖਦਾ ਸੀ।

ਮਾਨੋ—ਊਂਹ!

ਵੀਰਾਂ ਵਾਲੀ—ਤੂੰ ਮੰਨ ਚਾਹੇ ਨਾ ਮੰਨ, ਇਹ ਗੱਲ ਉੱਕਾ ਸੱਚ ਏ।

ਮਾਨੋ—ਨੀ ਇਹ ਬੁੱਗਾ ਚੌਧਰੀ ਤਾਂ ਨਿਰੀ ਝੂਠਾਂ ਦੀ ਪੰਡ ਐ। ਐਵੇਂ ਯਭਲੀਆਂ ਮਾਰਦੈ। ਮੈਂ ਤਾਂ ਗੱਲਾਂ ਵਿਚ ਲੱਗ ਗਈ, ਪਾਲੀ ਹੁਣੇ ਮੇਰੇ ਮਗਰ ਦੌੜਿਆ ਆਊਗਾ। ਲੈ ਸੁਣ, ਜੇ ਵਜੀਰਾ ਆ ਜਾਵੇ

ਤਾਂ ਉਹਨੂੰ ਮੇਰੇ ਘਰ ਭੇਜ ਦੇਵੀਂ। ਨਹੀਂ ਤਾਂ ਪਾਲੀ ਪੀਂਘ ਲਈ ਰੋ ਰੋ ਮੇਰੀ ਜਾਨ ਖਾਊਗਾ। ਚੰਗਾ ਬੇਬੇ ਮੈਂ ਹੁਣ ਚਲਦੀ ਹਾਂ।

ਮਾਨਾਂ ਜਾਂਦੀ ਹੈ।

ਸਿਪਾਹੀ ਅਤੇ ਥਾਣੇਦਾਰ ਆਉਂਦੇ ਹਨ।

ਥਾਣੇਦਾਰ—ਤੂੰ ਰਤਾ ਚੌਕਸ ਰਹੀਂ। ਨਕਸ਼ੇ ਦੇ ਮੁਤਾਬਿਕ ਏਹੋ ਘਰ ਏ ਨਾ? ਸਾਰੀਆਂ ਨਸ਼ਾਨੀਆਂ ਮਿਲਦੀਆਂ ਨੇ? ਔਹ ਬੁੱਢੀ ਕੌਣ ਏ?

ਸਿਪਾਹੀ—ਜੀ ਇਹੋ ਤਾਂ ਵਜ਼ੀਰੇ ਦੀ ਮਾਂ ਏਂ।

ਥਾਣੇਦਾਰ—ਇਸ ਨੂੰ ਪੁਛੀਏ?

ਸਿਪਾਹੀ—ਜੀ ਚੋਰ ਨਾਲੋਂ ਚੋਰ ਦੀ ਮਾਂ ਚਤੁਰ ਹੁੰਦੀ ਏ। ਕੁਝ ਨਹੀਂ ਦੱਸਣਾ ਏਸ।

ਥਾਣੇਦਾਰ—(ਅਗੇ ਵਧ ਕੇ) ਕਿਉਂ ਮਾਈ, ਤੇਰੇ ਪੁੱਤ ਦਾ ਕੀ ਨਾਂ ਏਂ?

ਵੀਰਾਂ ਵਾਲੀ—(ਝੁਕ ਕੇ) ਕਿਹੜੇ ਪੁੱਤ ਦਾ? ਸੁਖ ਨਾਲ ਮੈਂ ਤਿੰਨਾਂ ਪੁੱਤਾਂ ਦੀ ਮਾਂ ਹਾਂ।

ਥਾਣੇਦਾਰ—ਤਿੰਨਾਂ ਪੁੱਤਾਂ ਦੀ ਮਾਂ ਏਂ—ਹਲਾ, ਕੀ ਕਰਦੇ ਨੇ ਤੇਰੇ ਪੁੱਤ?

ਵੀਰਾਂ ਵਾਲੀ—ਖੇਹ ਤੇ ਸੁਆਹ! ਬਸ ਮੇਰੇ ਨਾਲ ਲੜਨ ਬਾਝੋਂ ਹੋਰ ਉਹਨਾਂ ਨੂੰ ਕੋਈ ਕੰਮ ਨਹੀਂ। ਤੇ ਮੈਂ ਬੁੱਢੀ ਠੇਰੀ, ਦੱਸੋ ਮੈਂ ਕੀ ਕਰਾਂ? ਉਨ੍ਹਾਂ ਨੂੰ ਮੇਰੇ ਨਾਲ ਪਿਆਰ ਨਹੀਂ ਪਰ ਮਾਪੇ ਕੁਮਾਪੇ ਨਹੀਂ ਹੁੰਦੇ।

ਥਾਣੇਦਾਰ—ਉਨ੍ਹਾਂ ਦਾ ਰੁਜ਼ਗਾਰ ਕੀ ਏ?

ਵੀਰਾਂ ਵਾਲੀ—ਵਿਚਾਰੇ ਮਜੂਰੀ ਕਰ ਕੇ ਮਸਾਂ ਡੰਗ ਟਪਾਂਦੇ ਨੇ। ਮਹਾਰਾਜ ਅਸੀਂ ਫਰੂਜੀ ਤਾਂ ਪਾਕਸਤਾਨੋਂ ਉਜੜ ਕੇ ਆਏ ਆਂ।

ਥਾਣੇਦਾਰ—ਪਾਕਸਤਾਨੋਂ?

ਵੀਰਾਂ ਵਾਲੀ—ਹਾਂ ਮਹਾਰਾਜ।

ਥਾਣੇਦਾਰ—ਤੇ ਇਹ ਘਰ ਕਿਸਦਾ ਏ ?

ਵੀਰਾਂ ਵਾਲੀ--ਇਸ ਘਰ ਵਿਚ ਪਹਿਲਾਂ ਤਾਂ ਇਕ ਚੂੜੀਆਂ ਵੇਚਣ ਵਾਲਾ ਰਹਿੰਦਾ ਸੀ, ਮੁਸਲਮਾਨ। ਉਹ ਫ਼ਸਾਦਾਂ ਵਿਚ ਕਿਧਰੇ ਚਲਾ ਗਿਆ। ਬਸ ਅਸੀਂ ਏਸ ਫੂਸ ਦੀ ਛਪਰੀ ਹੇਠ ਸਿਰ ਲੁਕੋ ਲਿਆ। ਪਰ ਜੀ ਬੜਾ ਭੈੜਾ ਮਕਾਨ ਏ। ਗਰਮੀ ਵਿਚ ਠੀਕਰਾ ਤਪਦਾ ਏ; ਮੀਂਹ ਵਿਚ ਚੋਂਦਾ ਏ; ਸਿਆਲ ਵਿਚ ਹਵਾ ਦੇ ਬੁਲੇ ਆਉਂਦੇ ਨੇ। ਬਹੁਤ ਔਖੇ ਹਾਂ ਮਹਾਰਾਜ ! ਸਾਨੂੰ ਕੋਈ ਹੋਰ ਮਕਾਨ ਦੇ ਦੇਵੋ। ਮੈਂ ਸੁਣਿਆ ਏ ਸਰਕਾਰ ਨਵੇਂ ਮਕਾਨ ਪਾ ਰਹੀ ਏ ਸਾਡੇ ਫਟੂਜੀਆਂ ਲਈ। ਸਾਡਾ ਨਾਂ ਵੀ ਲਿਖ ਲਉ। ਧੰਨ ਸਰਕਾਰ ਏ ! ਪਾਕਿਸਤਾਨ ਸਾਡੇ ਖੇਤ, ਕੁੱਲੀਆਂ, ਘਰ, ਮਾਲ ਲਵੇਰੇ ਸੱਭੇ ਰਹਿ ਗਏ। ਮੇਰੇ ਨਿੱਕੇ ਪੋਤੇ ਕੋਲ ਖੇਡਣ ਲਈ ਚੂਚੇ ਸਨ ਤੇ ਇਕ ਡੱਬੀ ਬੱਕਰੀ। ਏਥੇ ਵਿਚਾਰਾ ਰੇਤੇ ਵਿਚ ਰੁਲਦਾ ਏ। ਤੁਹਾਡਾ ਭਲਾ ਹੋਵੇ ਜੇ ਤੁਸੀਂ ਸਾਨੂੰ ਇਕ ਛੱਤੀ ਹੋਈ ਕੁੱਲੀ ਦੇ ਦੇਵੋਂ।

ਸਿਪਾਹੀ—(ਚਲਾਕੀ ਨਾਲ) ਮਾਈ, ਅਸੀਂ ਤੇਰੇ ਇਕ ਪੁਤ ਨੂੰ ਇਕ ਕੋਠੜੀ ਦੇਣ ਦਾ ਜ਼ਿੰਮਾਂ ਤਾਂ ਲੈਨੇ ਆਂ।

ਵੀਰਾਂ ਵਾਲੀ—ਰੱਬ ਤੁਹਾਨੂੰ ਸੁਖੀ ਰਖੇ !

ਸਿਪਾਹੀ—(ਓਕਰ ਹੀ ਚੋਟ ਕਰ ਕੇ) ਤੇ ਕੋਠੜੀ ਹੀ ਨਹੀਂ ਸਗੋਂ ਖਾਣ ਨੂੰ ਵੀ ਮੁਫ਼ਤ ਮਿਲੇਗਾ। ਸਰਕਾਰ ਨਵੇਂ ਮਕਾਨ ਪਾ ਰਹੀ ਏ ਪਰ ਤੇਰੇ ਤਿੰਨਾਂ ਪੁੱਤਾਂ ਵਿਚੋਂ ਸਿਰਫ਼ ਇਕ ਨੂੰ ਨਵਾਂ ਮਕਾਨ ਮਿਲੇਗਾ।

ਵੀਰਾਂ ਵਾਲੀ—ਤੁਹਾਡੇ ਬਚੜੇ ਜੀਊਣ ! ਬੇਸ਼ਕ ਇਕ ਨੂੰ ਹੀ ਦਿਉ। ਇਕ ਦਾ ਬੰਦੋਬਸਤ ਹੋ ਜਾਏ ਬਾਕੀਆਂ ਦਾ ਵੀ ਈਕਰ ਹੀ ਕੋਈ ਨਾ ਕੋਈ ਹੀਲਾ ਬਣ ਜਾਊ।

ਥਾਣੇਦਾਰ—ਮੈਂ ਤੈਨੂੰ ਪੁਛਿਆ ਸੀ ਕਿ ਉਸ ਦਾ ਕੀ ਨਾਂ ਏ ?

ਵੀਰਾਂ ਵਾਲੀ–ਜੀ ਇਕ ਦਾ ਨਾਂ ਏ ਕਰਨੈਲ ਸਿੰਘ।

ਡਾਇਰੀ ਵਿਚ ਨੋਟ ਕਰਦਾ ਏ।

ਥਾਣੇਦਾਰ–ਦੂਜੇ ਦਾ?

ਵੀਰਾਂ ਵਾਲੀ–ਜਰਨੈਲ ਸਿੰਘ।.

ਥਾਣੇਦਾਰ–ਤੀਜੇ ਦਾ?

ਵੀਰਾਂ ਵਾਲੀ–ਸਹੁਰੀਂ ਗਿਆ ਏ।

ਥਾਣੇਦਾਰ–ਸਹੁਰੇ ਘਰ?

ਵੀਰਾਂ ਵਾਲੀ–ਜੀ।

ਸਪਾਹੀ–(ਥਾਣੇਦਾਰ ਨੂੰ ਇਕ ਪਾਸੇ ਕਰ ਕੇ) ਜੀ ਇਹ ਰੀਫ਼ਿਊਜੀ ਜੇਲ੍ਹ ਨੂੰ ਵੀ ਸਹੁਰਾ ਘਰ ਈ ਆਖਦੇ ਨੇ। ਪੁਛੋ ਤਾਂ ਸਹੀ ਕਿਹੜੇ ਜੁਰਮ ਵਿਚ ਫੜਿਆ ਗਿਆ ਏ ਉਹ। ਮੈਂ ਤੁਹਾਨੂੰ ਦੱਸ ਦੇਵਾਂ ਉਸ ਨੂੰ ਜ਼ਰੂਰ ਜਾਂ ਤਾਂ ਚੋਰੀ ਦੇ ਜੁਰਮ ਵਿਚ ਫੜਿਆ ਹੋਣਾ ਏਂ ਤੇ ਜਾਂ ਡਾਕੇ ਦੇ ਜੁਰਮ ਵਿਚ।

ਥਾਣੇਦਾਰ–ਪਹਿਲਾਂ ਬਿਆਨ ਮੁਕੰਮਲ ਕਰ, ਫੇਰ ਇਸ ਤੇ ਵੀ ਗ਼ੌਰ ਕਰਦੇ ਆਂ। ਭਲਾ ਮਾਈ, ਤੇਰਾ ਦੂਜਾ ਪੁਤ ਕਿੱਥੇ ਐ? ਕਿਤੇ ਉਹ ਵੀ ਸਹੁਰੇ ਘਰ ਤਾਂ ਨਹੀਂ ਗਿਆ?

ਵੀਰਾਂ ਵਾਲੀ–ਜੀ ਨਹੀਂ, ਉਹ ਤਾਂ ਹਾਲੇ ਕੁਆਰਾ ਹੈ। ਰੱਬ ਤੁਹਾਡਾ ਭਲਾ ਕਰੇ, ਹੁਣ ਸਾਡੇ ਵਿਚ ਵਿਆਹ ਕਰਨ ਦੀ ਪਰੋਖੋਂ ਕਿੱਥੇ? ਪਾਕਸਤਾਨ ਉਸ ਨੂੰ ਛੇ ਸਾਕ ਆਏ ਸਨ। ਉਸ ਵੇਲੇ ਮੇਰਾ ਨੱਕ ਵੱਡਾ ਸੀ, ਪਰ ਰੱਬ ਕਿਸੇ ਦਾ ਹੰਕਾਰ ਨਹੀਂ ਝਲਦਾ, ਉਸ ਮੈਨੂੰ ਗਿੱਚੀ ਪਰਨੇ ਮਾਰਿਆ। ਓਥੇ ਇਕ ਤੋਂ ਇਕ ਸੋਹਣੀ ਕੁੜੀ ਦੇ ਮਾਪੇ ਮੇਰੇ ਘਰ ਦੀ ਦਲ੍ਹੀਜ ਤੋਂ ਆ ਆ ਕੇ ਮੁੜ ਜਾਂਦੇ ਸਨ, ਐਥੇ ਕੋਈ

ਨਹੀਂ ਬਹੁੜਦਾ। ਐਥੇ ਬਹੁੜੇ ਵੀ ਕਿੱਥੇ? ਸਾਨੂੰ ਨਾ ਰਹਿਣ ਦਾ ਟਿਕਾਣਾ, ਨਾ ਕੰਮ ਦਾ ਭਰੋਸਾ। ਦੋ ਵੇਲੇ ਢਿੱਡ ਭਰਨ ਲਈ ਸੌ ਸੌ ਖੇਖਣ ਕਰਨੇ ਪੈਂਦੇ ਨੇ।

ਥਾਣੇਦਾਰ—ਤੇਰਾ ਦੂਜਾ ਪੁਤ ਕਿੱਥੇ ਗਿਆ ਏ?

ਵੀਰਾਂ ਵਾਲੀ—ਮੇਲੇ ਵਿਚ। ਉਸ ਕੁਝ ਪੀੜ੍ਹੀਆਂ ਤਿਆਰ ਕੀਤੀਆਂ ਸਨ, ਉਨ੍ਹਾਂ ਨੂੰ ਵੇਚਣ ਗਿਆ ਏ। ਪੀੜ੍ਹੀਆਂ ਬੜੀਆਂ ਰਾਂਗਲੀਆਂ ਹਨ ਤੇ ਉਨ੍ਹਾਂ ਨੂੰ ਅਸੀਂ ਬੜੇ ਚਾਅ ਨਾਲ ਬਣਾਇਆ ਏ। ਮੈਂ ਤੇ ਮੇਰੀ ਧੀ ਨੇ ਉਨ੍ਹਾਂ ਵਿਚ ਬੜੇ ਵਧੀਆ ਵੇਲ ਬੂਟੇ, ਤੋਤੇ ਤੇ ਮੋਰ ਵਾਹੇ ਨੇ ਜ਼ਰੂਰ ਵਿਕ ਜਾਣਗੀਆਂ। ਐਥੇ ਲਾਗਲੇ ਪਿੰਡ ਦੋ ਵਿਆਹ ਨੇ। ਮਾਘ ਵਿਆਹਾਂ ਦਾ ਈ ਮਹੀਨਾ ਏ। ਬੜਾ ਭਰਵਾਂ ਸਾਹਾ ਏ ਜ਼ਰੂਰ ਵਿਕ ਜਾਣਗੀਆਂ।

ਥਾਣੇਦਾਰ—ਤੇ ਤੀਜਾ?

ਵੀਰਾਂ ਵਾਲੀ—ਜੀ ਤੀਜਾ ਐਥੇ ਨੇੜੇ ਹੀ ਗਿਆ ਏ—ਬੁੱਧੇ ਮਲ ਦੇ ਘਰ। ਉਸ ਦੀ ਡਿਉੜ੍ਹੀ ਦੇ ਬੂਹੇ ਨੂੰ ਠੋਕਣ ਭੰਨਣ ਗਿਆ ਏ। ਬੱਸ ਘਰੋਂ ਤਾਂ ਤੇਸੀ ਤੇ ਆਰੀ ਹੀ ਲੈ ਕੇ ਗਿਆ ਸੀ।

ਸਿਪਾਹੀ-ਤੇਸੀ ਤੇ ਆਰੀ?

ਥਾਣੇਦਾਰ—ਉਸ ਕਦ ਆਉਣਾ ਏਂ?

ਵੀਰਾਂ ਵਾਲੀ—ਕੀ ਪਤਾ ਕੰਮ ਤੇ ਗਏ ਦਾ, ਕਦ ਮੁੜੇ।

ਥਾਣੇਦਾਰ—ਮਾਈ ਅਸੀਂ ਉਸ ਨੂੰ ਉਡੀਕਦੇ ਆਂ ਫੇਰ। ਤੂੰ ਸਾਨੂੰ ਰਤਾ ਪਾਣੀ ਦਾ ਗਲਾਸ ਤਾਂ ਪਿਲਾ।

ਵੀਰਾਂ ਵਾਲੀ—ਜਮ ਜਮ ਪੀਓ, ਤੁਸੀਂ ਬੈਠੋ। ਮੈਂ ਲਿਆਉਨੀ ਆਂ ਪਾਣੀ।

[ਉਹ ਜਾਂਦੀ ਹੈ।

ਸਿਪਾਹੀ—ਵੇਖਿਆ ਕਹੀ ਚਤਰ ਜ਼ਨਾਨੀ ਏ। ਦਿੱਤਾ ਕੋਈ ਥਹੁ ਪਤਾ ? ਤੇ ਤੁਸੀਂ ਏਸ ਦੇ ਪੁਤ ਦੇ ਵਰੰਟ ਲਈ ਫਿਰਦੇ ਓ।

ਥਾਣੇਦਾਰ—ਏਸ ਤੋਂ ਕੁਝ ਪਤਾ ਨਹੀਂ ਲੱਗਣਾ। ਪੁਲਸ ਦਾ ਜਦ ਜ਼ਨਾਨੀਆਂ ਨਾਲ ਵਾਹ ਪੈਂਦਾ ਏ ਤਾਂ ਪੁਲਸ ਹਾਰ ਜਾਂਦੀ ਏ। ਏਸੇ ਲਈ ਸਰਕਾਰ ਨੇ ਹੁਣ ਜ਼ਨਾਨੀਆਂ ਦੀ ਪੁਲਸ ਬਣਾਈ ਏ। ਐਥੇ ਪਿੰਡਾਂ ਵਿਚ ਕੋਈ ਇੰਤਜ਼ਾਮ ਨਹੀਂ, ਹਾਲਾਂ ਕਿ ਜ਼ਨਾਨਾ ਪੁਲਸ ਦੀ ਬਹੁਤੀ ਲੋੜ ਪਿੰਡਾਂ ਵਿਚ ਏ।

ਸਿਪਾਹੀ—ਜੀ ਜ਼ਨਾਨੀਆਂ ਦੀ ਪੁਲਸ ਬੜੀ ਡਾਢੀ ਏ, ਲੋਹੇ ਨੂੰ ਲੋਹਾ ਕੱਟਦਾ ਏ।

ਥਾਣੇਦਾਰ—ਦਿੱਲੀ ਵਿਚ ਜ਼ਨਾਨਾ ਪੁਲਸ ਆਮ ਏ, ਐਥੇ ਨਹੀਂ। ਮੈਂ ਰਪੋਟ ਕਰਾਂਗਾ।

[ਵੀਰਾਂ ਵਾਲੀ ਪਾਣੀ ਲੈ ਕੇ ਆਉਂਦੀ ਹੈ।

ਵੀਰਾਂ ਵਾਲੀ—ਲਓ ਜੀ, ਠੰਢਾ ਏ ਖੂਹ ਦਾ।

[ਉਹ ਪਾਣੀ ਦੇ ਗਲਾਸ ਲੈਂਦੇ ਹਨ।

ਪਾਕਸਤਾਨ ਸਾਡੇ ਪਿੰਡ ਖੂਹਾਂ ਤੇ ਚਰਖੜੀ ਹੁੰਦੀ ਸੀ, ਪਰ ਐਥੇ ਭੌਣੀ। ਭੌਣੀ ਨਾਲ ਪਾਣੀ ਛੇਤੀ ਨਹੀਂ ਨਿਕਲਦਾ। ਸਾਰੇ ਘਰ ਦਾ ਪਾਣੀ ਮੈਂ ਢੋਂਦੀ ਸਾਂ। ਤੇ ਕਦੇ ਖੂਹ ਵਿਚ ਕੋਈ ਚੀਜ਼ ਡਿਗ ਪੈਂਦੀ ਤਾਂ ਸਦਾ ਮੈਂ ਉਤਰਦੀ। ਇਕ ਵਾਰ ਸਾਡਾ ਮੇਮਣਾ ਡਿੱਗ ਪਿਆ, ਮੈਂ ਕੱਢ ਲਿਆਈ।

ਥਾਣੇਦਾਰ—ਹੱਛਾ।

[ਵਜ਼ੀਰਾ ਆਉਂਦਾ ਹੈ। ਉਸ ਦੇ ਮੋਢੇ ਤੇ ਤੇਸਾ ਤੇ ਆਰੀ ਹਨ।

ਵੀਰਾਂ ਵਾਲੀ–ਲੌ ਜੀ, ਔਹ ਆ ਗਿਆ ਏ ਮੇਰਾ ਪੁੱਤ।
ਵੇ ਪੁਤ! ਸਰਕਾਰੋਂ ਤੇਰਾ ਨਾਂ ਲਿਖਣ ਨੂੰ ਆਏ ਨੇ।
ਵਜ਼ੀਰਾ–ਕਿਉਂ?
ਵੀਰਾਂ ਵਾਲੀ–ਫਰੂਜੀਆਂ ਦਾ ਨਾਂ ਲਿਖਦੀ ਫਿਰਦੀ ਏ ਸਰਕਾਰ। ਬੱਸ ਹੁਣ ਪੱਕੀ ਪਰਚੀ ਕੱਟ ਦੇਣਗੇ ਤੇ ਸਾਨੂੰ ਪੱਕੀ ਕੋਠੜੀ ਮਿਲ ਜਾਏਗੀ। ਇਹ ਬਾਲਣ ਜੋਗਾ ਚੋਂਦਾ ਖੋਲਾ ਛੱਡਾਂਗੇ। ਸ਼ੁਕਰ ਏ, ਸ਼ੁਕਰ ਏ! ਰੱਬ ਦੇ ਘਰ ਦੇਰ ਏ, ਪਰ ਹਨੇਰ ਨਹੀਂ।
ਥਾਣੇਦਾਰ–ਕਿਉਂ ਬਈ ਤੂੰ ਈ ਏਂ ਵਜ਼ੀਰਾ?
ਵਜ਼ੀਰਾ–(ਤੇਸਾ ਤੇ ਆਰੀ ਰੱਖਦੇ ਹੋਏ) ਜੀ।
ਥਾਣੇਦਾਰ–ਕੀ ਕੰਮ ਕਰਦੈਂ?
ਵਜ਼ੀਰਾ–ਬੱਸ ਜੀ ਦੋ ਵੇਲੇ ਢਿੱਡ ਭਰਨ ਦਾ ਆਹਰ ਕਰਦਾਂ।
ਥਾਣੇਦਾਰ–ਕੀ ਕਰਦਾ ਏਂ?
ਵਜ਼ੀਰਾ–ਇਹੋ ਭੰਨਣ ਘੜਨ ਦਾ ਕੰਮ।
ਥਾਣੇਦਾਰ–ਭੰਨਣ ਦਾ ਕੰਮ!
ਵੀਰਾਂ ਵਾਲੀ–ਜੀ ਭੰਨਦਾ ਨਹੀਂ, ਬੱਸ ਘੜਦਾ ਏ।
ਵਜ਼ੀਰਾ–ਪਰ ਜੀ ਗੱਲ ਇਹ ਹੈ ਕਿ ਭੰਨੇ ਤੋੜੇ ਬਗ਼ੈਰ ਘੜਿਆ ਵੀ ਤਾਂ ਕੁਝ ਨਹੀਂ ਜਾਂਦਾ।
ਥਾਣੇਦਾਰ–ਓਏ ਤੂੰ ਸਿੱਧੀ ਗੱਲ ਕਰ, ਐਵੇਂ ਨਾ ਪਿਆ ਸਾਨੂੰ ਚਾਰ।
ਵਜ਼ੀਰਾ–ਜੀ ਮੈਂ ਤਾਂ ਸਿੱਧੀ ਗੱਲ ਕਰ ਰਿਹਾ ਆਂ।
ਥਾਣੇਦਾਰ–ਹਾਂ ਸਿੱਧੀ ਤਰ੍ਹਾਂ ਦੱਸ ਫੇਰ–ਕੀ ਕਰਦਾ ਏਂ ਤੂੰ?
ਵੀਰਾਂ ਵਾਲੀ–ਵੇ ਪੁੱਤ ਆਖ ਦੇ ਨਾ, ਕੀ ਕਰਦਾ ਏਂ ਤੂੰ। ਕਿਹੜਾ ਕੋਈ ਚੋਰੀ ਡਾਕਾ ਮਾਰਦਾ ਏਂ ਜੋ ਏਕਰ ਘੇਰੀ ਖੜੇ ਨੇ ਤੈਨੂੰ?
ਥਾਣੇਦਾਰ–ਚੁਪ ਕਰ ਮਾਈ, ਐਵੇਂ ਨਾ ਵਿਚ ਬੋਲ ਪਈ। ਜਾ ਆਪਣਾ ਕੰਮ

ਕਰ, ਸਾਨੂੰ ਏਸ ਨਾਲ ਦੋ ਗੱਲਾਂ ਕਰ ਲੈਣ ਦੇ।

ਵੀਰਾਂ ਵਾਲੀ–ਲਓ, ਮੈਂ ਤੁਹਾਨੂੰ ਕੀ ਆਖਨੀ ਆਂ।

ਵਜ਼ੀਰਾ–ਬੇਬੇ ਤੂੰ ਚਲ ਅੰਦਰ, ਮੇਰੇ ਨਾਲ ਇਨ੍ਹਾਂ ਨੂੰ ਗੱਲ ਕਰ ਲੈਣ ਦੇ।

[ਵੀਰਾਂ ਵਾਲੀ ਅੰਦਰ ਜਾਂਦੀ ਹੈ।

ਵਜ਼ੀਰਾ–ਸਾਹਬ ਜੀ ਅਸੀਂ ਤਾਂ ਕਈ ਵਾਰ ਅਰਜੀ ਦਿੱਤੀ ਏ। ਕਲ੍ਹ ਸਾਡੀ ਪਿਛਲੀ ਕੰਧ ਡਿਗ ਪਈ। ਪਤਾ ਨਹੀਂ ਰਾਤ ਨੂੰ ਸੁੱਤੇ ਪਏ ਹੀ ਨਾ ਕਿਤੇ ਦੱਬੇ ਜਾਈਏ। ਕੱਚੀਆਂ ਕੰਧਾਂ ਖੁਰ ਖੁਰ ਧੱਸ ਕਾਗਤ ਦੀਆਂ ਹੋ ਗਈਆਂ ਨੇ।

ਥਾਣੇਦਾਰ–ਮੈਨੂੰ ਤੂੰ ਦੱਸ, ਪਈ ਕੀ ਕਿੱਤਾ ਏ ਤੇਰਾ?

ਵਜ਼ੀਰਾ–ਕਿੱਤਾ? ਕਿੱਤਾ ਜਨਾਬ–ਪਾਕਸਤਾਨ ਬਣਨ ਤੋਂ ਪਹਿਲਾਂ ਮੈਂ ਖੇਤੀ ਕਰਦਾ ਸਾਂ। ਉਸ ਪਿਛੋਂ ਮੈਂ ਇੱਟਾਂ ਢੋਣ ਦਾ ਕੰਮ ਕੀਤਾ......ਫਿਰ ਇਕ ਕਿੱਤਾ, ਫਿਰ ਦੂਜਾ, ਫਿਰ ਤੀਜਾ। ਐਥੇ ਆ ਕੇ ਜੋ ਕੰਮ ਨਹੀਂ ਵੀ ਕਰਨਾ ਸੀ, ਉਹ ਵੀ ਕੀਤਾ। ਛੇਕੜ ਢਿੱਡ ਭਰਨ ਨੂੰ ਬੰਦਾ ਕੀ ਨਹੀਂ ਕਰਦਾ?

ਥਾਣੇਦਾਰ–ਓਏ ਹੁਣ ਦਸ, ਹੁਣ ਕੀ ਕਰਦਾ ਏਂ?

ਵਜ਼ੀਰਾ–ਹੁਣ ਮੈਂ ਬੰਬ ਬਣਾਉਂਦਾ ਹਾਂ।

ਥਾਣੇਦਾਰ–ਬੰਬ?

ਵਜ਼ੀਰਾ–ਜੀ!

ਥਾਣੇਦਾਰ–ਲਿਆ ਓਏ ਨੱਥਾ ਸਿਹਾਂ ਹੱਥ-ਕੜੀਆਂ। ਇਹ ਬੰਬ ਬਣਾਂਦਾ ਏ! (ਹੱਸ ਕੇ) ਇਸ ਦਾ ਖ਼ਿਆਲ ਏ ਕਿ ਅਸੀਂ ਇਸ ਦੀ ਗਲ ਨੂੰ ਮਖੌਲ ਵਿਚ ਟਾਲ ਦੇਵਾਂਗੇ, ਪਰ ਮੈਂ ਸਾਰੀਆਂ ਗੱਲਾਂ ਜਾਣਦਾ ਹਾਂ। ਲਿਆ ਹਥਕੜੀਆਂ।

ਵਜ਼ੀਰਾ—ਜੀ ਠੀਕ ਬੰਬ ਤਿਆਰ ਕਰਦਾ ਹਾਂ, ਪਰ ਹਥਕੜੀਆਂ ਕਿਸ ਲਈ ?

ਥਾਣੇਦਾਰ—ਹਥਕੜੀਆਂ ਕਿਸ ਲਈ ? ਅਜ ਕਲ ਦੇ ਚੋਰ ਬਹੁਤ ਚਤਰ ਹੋ ਗਏ ਨੇ। ਦਿੱਲੀ ਇਕ ਚੋਰ ਇਕ ਵਾਰ ਸਿੱਧਾ ਕੋਤਵਾਲੀ ਮੇਰੇ ਕੋਲ ਆ ਗਿਆ ਤੇ ਉਸ ਗਹਿਣਿਆਂ ਦਾ ਡੱਬਾ ਮੇਰੇ ਸਾਹਮਣੇ ਰਖ ਦਿਤਾ ਤੇ ਆਖਿਆ ਕਿ ਉਸ ਚੋਰੀ ਕੀਤੀ ਸੀ। ਉਸ ਦਾ ਖ਼ਿਆਲ ਸੀ ਕਿ ਮੈਂ ਉਸ ਨੂੰ ਛੱਡ ਦੇਵਾਂਗਾ। ਸ਼ਾਇਦ ਉਹ ਮੈਨੂੰ ਰਿਸ਼ਵਤ ਦੇਣ ਆਇਆ ਸੀ। ਪਰ ਮੈਂ ਤਫ਼ਤੀਸ਼ ਕੀਤੀ, ਪਤਾ ਲਗਿਆ ਕਿ ਉਹ ਦਸ ਸਾਲਾਂ ਦਾ ਮਫ਼ਰੂਰ ਸੀ। ਉਹ ਅੱਧੇ ਗਹਿਣੇ ਵੇਚ ਕੇ ਖਾ ਪੀ ਗਿਆ ਸੀ। ਬਾਕੀ ਦੇ ਗਹਿਣੇ ਹਜ਼ਮ ਨਾ ਹੋਏ ਤਾਂ ਇਕਬਾਲੀ ਬਣ ਗਿਆ। ਬਦਮਾਸ਼ ਇਹ ਵੀ ਉਹੋ ਚਾਲ ਚਲਦਾ ਏ। ਇਹ ਹੁਣ ਤੀਕ ਪੁਲਸ ਦੀ ਅੱਖ ਤੋਂ ਬਚਿਆ ਕੀਕਰ ਰਿਹਾ ਨੱਥਾ ਸਿਹਾਂ ?

ਸਿਪਾਹੀ—ਪਤਾ ਨਹੀਂ ਜੀ !

ਥਾਣੇਦਾਰ—ਮੈਥੋਂ ਪਹਿਲਾਂ ਐਥੇ ਥਾਣੇਦਾਰ ਕੀ ਕਰਦੇ ਸਨ ?

ਸਿਪਾਹੀ—ਜੀ ਉਹ ਤਾਂ ਬਸ ਰਾਤ ਦਿਨ ਚੁਸਕੀ ਛੜ੍ਹਾਈ ਗੁੱਟ ਰਹਿੰਦੇ ਸਨ। ਜੇ ਕਦੇ ਭੁਲ ਭੁਲੇਖੇ ਗਸ਼ਤ ਤੇ ਨਿਕਲਦੇ ਤਾਂ ਪਹਿਲਾਂ ਹੀ ਧੁੰਮ ਪੈ ਜਾਂਦੀ। ਚੋਰਾਂ ਨੇ ਸੁਆਹ ਲੱਭਣਾ ਸੀ। ਤੁਹਾਡੇ ਵਾਂਗ ਨਹੀਂ ਕਿ ਪੋਲੇ ਪੋਲੇ ਚੁਪ ਚਾਪ ਆਏ, ਚਲਾਕੀ ਨਾਲ ਮੌਕਾ ਦੇਖਿਆ, ਸੂਹ ਕੱਢੀ ਤੇ ਮੁਲਜ਼ਮ ਨੂੰ ਗੱਲੀਂ ਗੱਲੀਂ ਬਕਵਾਇਆ ਤੇ ਫਿਰ ਗ੍ਰਿਫ਼ਤਾਰ ਕੀਤਾ।

ਥਾਣੇਦਾਰ—ਲਾ ਏਸ ਦੇ ਹਥਕੜੀਆਂ, ਮਸਾਂ ਕਾਬੂ ਆਇਆ ਏ ਮੁਰਗਾ। (ਹਸ ਕੇ) ਇਨ੍ਹਾਂ ਚੋਰਾਂ ਡਾਕੂਆਂ ਦਾ ਕਿੱਸਾ ਵੀ ਅਜੀਬ ਹੁੰਦਾ ਏ। ਨਾ ਫਸਣ ਤਾਂ ਮਹੀਨਿਆਂ ਬੱਧੀ ਨਾ ਫਸਣ, ਫਸ ਜਾਣ ਤਾਂ ਫੇਰੇ

ਵਿਚ ਫਸ ਜਾਣ।। ਸੌ ਦਿਨ ਚੋਰ ਦਾ, ਇਕ ਦਿਨ ਸਾਧ ਦਾ।

ਸਿਪਾਹੀ-(ਹਥਕੜੀਆਂ ਲਾਉਂਦੇ ਹੋਏ) ਲਿਆ ਬਈ ਹੱਥ ਅਗੇ ਕਰ।

ਵਜ਼ੀਰਾ-ਹਥਕੜੀਆਂ, ਹਥਕੜੀਆਂ ਕਿਉਂ ?

ਸਿਪਾਹੀ-ਬੱਚੂ ਤੂੰ ਐਥੇ ਲੁਕ ਛਿਪ ਕੇ ਬੈਠਾ ਬੰਬ ਬਣਾਏਂ, ਤੇ ਤੈਨੂੰ ਹਥ-ਕੜੀਆਂ ਵੀ ਨਾ ਲਗਣ। ਤੈਨੂੰ ਤਾਂ ਸਗੋਂ ਬੇੜੀਆਂ ਵੀ ਪੈਣਗੀਆਂ।

[ਵੀਰਾਂ ਵਾਲੀ ਆਉਂਦੀ ਹੈ।

ਵੀਰਾਂ ਵਾਲੀ-(ਵਜ਼ੀਰੇ ਨੂੰ ਹਥਕੜੀਆਂ ਵਿਚ ਦੇਖ ਕੇ) ਹਾਲ ਵੇ, ਐਹ ਕੀ ? ਤੈਨੂੰ ਹਥਕੜੀਆਂ ਕਾਹਦੇ ਲਈ ਸੁਖੀਂ ਸਾਂਦੀਂ ? ਤੂੰ ਇਨ੍ਹਾਂ ਨੂੰ ਕੀ ਆਖ ਦਿਤਾ ? ਤੈਨੂੰ ਕਾਹਦੇ ਲਈ ਬੰਨ੍ਹ ਲਿਆ ਇਨ੍ਹਾਂ ? ਹਾਇ ਵੇ ਲੋਕੋ ! ਮੈਂ ਲੁਟ ਗਈ ! ਥਾਣੇਦਾਰ ਜੀ ਏਹਨੇ ਕੀ ਆਖਿਆ ਏ ਤੁਹਾਨੂੰ ? ਮਾਫੀ ਦਿਉ ਇਸ ਨੂੰ। ਇਹ ਤਾਂ ਗਊ ਏ, ਅਸੀਲ ਪੁੱਤਰ ਏ।

ਥਾਣੇਦਾਰ-ਮਾਈ ਤੂੰ ਐਵੇਂ ਵਿਚ ਧਾਂਧਲੀ ਨਾ ਪਾ। ਇਹ ਮੰਨ ਗਿਆ ਏ।

ਵੀਰਾਂ ਵਾਲੀ-ਮੰਨ ਗਿਆ ਏ ?

ਥਾਣੇਦਾਰ-ਹਾਂ ਇਸ ਇਕਬਾਲ ਕਰ ਲਿਆ ਏ।

ਵੀਰਾਂ ਵਾਲੀ-ਹਨ੍ਹੇਰ ਸਾਈਂ ਦਾ, ਮੇਰੇ ਸੁਖਾਂ ਲੱਧੇ ਨੂੰ ਹਥਕੜੀਆਂ ਪਾਣ ਲਗੇ ਓ !

ਥਾਣੇਦਾਰ-ਅਸੀਂ ਸਾਰਾ ਹਾਲ ਪੁੱਛ ਲਿਆ ਏ ਇਸ ਤੋਂ। ਬੰਬ ਬਣਾਉਣ ਦੇ ਜੁਰਮ ਵਿਚ ਫੜਿਆ ਏ ਏਸ ਨੂੰ।

ਵੀਰਾਂ ਵਾਲੀ-ਪਰ ਜੀ ਇਹ ਬੰਬ ਕੋਈ ਅੱਜ ਦੇ ਬਣਾਉਂਦਾ ਏ-ਏਸ ਨੂੰ ਤਾਂ ਦੋ ਸਾਲ ਹੋ ਗਏ ਨੇ ਬੰਬ ਬਣਾਂਦੇ ਨੂੰ।

ਥਾਣੇਦਾਰ-ਲੈ ਬਈ ਨੱਥਾ ਸਿਹਾਂ, ਦੋ ਸਾਲ ਦਾ ਕੇਸ ਲੱਭਾ ਏ।

ਵੀਰਾਂ ਵਾਲੀ-ਪਰ ਜੇ ਤੁਹਾਨੂੰ ਬੰਬਾਂ ਦੀ ਲੋੜ ਏ ਤੁਸੀਂ ਬਣਵਾ ਲਓ, ਫੜਦੇ ਕਿਉਂ ਓ ?

ਸਿਪਾਹੀ-ਮਾਈ ਸਾਨੂੰ ਬੰਬਾਂ ਦੀ ਲੋੜ ਨਹੀਂ, ਬੰਬ ਬਣਾਉਣ ਵਾਲੇ ਦੀ ਲੋੜ ਐ।

ਵੀਰਾਂ ਵਾਲੀ-ਮੈਂ ਮਰ ਗਈ। ਜ਼ਰੂਰ ਕਿਰਪੀ ਸੁਨਿਆਰੀ ਨੇ ਚੁਗਲੀ ਖਾਧੀ ਹੋਣੀ ਏ ਜੀ। ਉਸ ਚੁੜੇਲ ਨੂੰ ਅਸੀਂ ਖੁਸ਼ਾਲੇ ਦੇ ਖੇਤ ਚੋਂ ਗੰਢੇ ਪਟਦੀ ਨੂੰ ਫੜਿਆ ਸੀ, ਬੱਸ ਉਸ ਦਿਨ ਤੋਂ ਉਹ ਸਾਡੇ ਵੈਰ ਪੈ ਗਈ। ਜ਼ਰੂਰ ਉਸ ਦੀ ਸ਼ਹਿ ਤੇ ਪੁਲਸ ਚੜ੍ਹ ਆਈ ਏ।

ਥਾਣੇਦਾਰ-ਅਸੀਂ ਆਪੂੰ ਖੋਜ ਕਰਦੇ ਕਰਦੇ ਆਏ ਆਂ। ਤੂੰ ਵਿਚ ਬਹੁੜੀ ਬਹੁੜੀ ਨਾ ਪਈ ਕਰ।

ਵੀਰਾਂ ਵਾਲੀ-ਪਰ ਉਸ ਨੂੰ ਫੜ੍ਹਿਆ ਕਿਸ ਜੁਰਮ ਵਿਚ ਜੇ ?

ਥਾਣੇਦਾਰ-ਇਹ ਬੰਬ ਤਿਆਰ ਕਰਦਾ ਏ।

ਵੀਰਾਂ ਵਾਲੀ-ਪਰ ਇਹ ਅਸੀਂ ਕਿਹੜਾ ਜੁਰਮ ਪਏ ਕਮਾਂਦੇ ਆਂ। ਪਰਸੋਂ ਹੀ ਪਟਵਾਰੀ ਹੋਰਾਂ ਦੇ ਘਰ ਦੋ ਬੰਬ ਏਥੋਂ ਗਏ। ਚੌਧਰੀ ਚੂਹੜ ਸਿੰਘ, ਵੱਡੀ ਦਾੜ੍ਹੀ ਵਾਲੇ ਸਰਦਾਰ ਦੇ ਘਰ, ਤੇ ਸੂਬੇਦਾਰਾਂ ਦੇ ਘਰ-ਸਾਰੇ ਸਾਡੇ ਕੋਲੋਂ ਬੰਬ ਬਣਵਾਂਦੇ ਨੇ।

ਥਾਣੇਦਾਰ-ਬੜੀ ਖਚਰੀ ਏਂ ਬੁਢੀਏ। ਲੈ ਹੁਣ ਸਫ਼ੈਦਪੋਸ਼ਾਂ ਤੇ ਸਰਕਾਰੀ ਅਫ਼ਸਰਾਂ ਤੇ ਸਰਦਾਰਾਂ ਨੂੰ ਵੀ ਵਿੱਚੇ ਲੈਣ ਲੱਗੀ ਏਂ ?

ਵੀਰਾਂ ਵਾਲੀ-ਪਰ ਜੀ, ਮੈਂ ਤੁਹਾਨੂੰ ਤਿੰਨਾਂ ਪੁੱਤਾਂ ਦੀ ਸੌਂਹ ਖਾ ਕੇ ਆਖਦੀ ਆਂ......

ਥਾਣੇਦਾਰ–ਬਹੁਤਾ ਬੋਲੀ ਨਾ ਜਾ, ਨਹੀਂ ਤਾਂ ਤੈਨੂੰ ਵੀ ਵਿੱਚੇ ਫੜ ਲਵਾਂਗੇ।

ਵੀਰਾਂ ਵਾਲੀ–ਹਾਇ ਵੇ ਲੋਕੋ, ਮੈਨੂੰ ਵੀ ਫੜ ਲੈਣ ਲੱਗੇ ਨੇ !

ਥਾਣੇਦਾਰ–ਨੱਥਾ ਸਿੰਹਾਂ, ਲੈ ਚਲ ਏਸ ਨੂੰ।

ਵਜ਼ੀਰਾ–ਓਇ ਬਾਤਸ਼ਾਹੋ ! ਕਿਉਂ ਇਕ ਗ਼ਰੀਬ ਨੂੰ ਧੂਣ ਲੱਗੇ ਓ ? ਬੰਬ ਬਣਵਾ ਲਵੋ ਭਾਵੇਂ ਪੈਸੇ ਨਾ ਦਿਓ।

ਥਾਣੇਦਾਰ–ਚੁਪ ਕਰ। ਬਦਮਾਸ਼ ਸਾਨੂੰ ਰਿਸ਼ਵਤ ਦੇਨਾ ਏਂ ?

ਵਜ਼ੀਰਾ–ਆਓ ਹਜ਼ੂਰ, ਮੈਂ ਤੁਹਾਨੂੰ ਕਦ ਇਨਕਾਰੀ ਕੀਤੀ ਏ ? ਜੇ ਤੁਹਾਡੇ ਟਾਂਗੇ ਦੇ ਬੰਬ ਟੁਟੇ ਹਨ ਤਾਂ ਬਣਾ ਦੇਵਾਂਗਾ। ਹਜ਼ੂਰ ਛੇਤੀ ਤਿਆਰ ਕਰ ਦੇਵਾਂਗਾ।

ਵੀਰਾਂ ਵਾਲੀ–ਜੀ ਟਾਂਗੇ ਦੇ ਬੰਬ ! ਤੁਹਾਡੇ ਬਚੜੇ ਜੀਣ, ਇਹ ਟਾਂਗੇ ਦੇ ਬੰਬ ਬਣਾਂਦਾ ਏ।

ਥਾਣੇਦਾਰ–(ਹੱਸ ਕੇ) ਚਲਾਕੀ ਨਾਲ ਇਹ ਨਿਕਲਣਾ ਚਾਹੁੰਦਾ ਏ। ਅਸੀਂ ਇਹ ਸਭ ਗੱਲਾਂ ਸਮਝਦੇ ਹਾਂ। ਚਲ ਨੱਥਾ ਸਿੰਹਾਂ ਇਹਨੂੰ ਲੈ ਚਲ ਹਵਾਲਾਤ ਵਿਚ ਤੁੰਨ ਕੇ ਪੁਛਾਂਗੇ ਕਿ ਕਿਹੜੇ ਬੰਬ ਬਣਾਉਂਦਾ ਏ। ਇਹ ਵੱਡੀ ਸਾਜ਼ਸ਼ ਜਾਪਦੀ ਏ ! ਉਥੇ ਛਿੱਤਰਾਂ ਨਾਲ ਜਦ ਇਸ ਦੀ ਕੁਟਾਈ ਕੀਤੀ ਤਾਂ ਇਹ ਆਪੇ ਬੱਕਰੇ ਬੋਲੇਗਾ। ਇਸ ਦੇ ਹੋਰਨਾਂ ਸਾਥੀਆਂ ਨੂੰ ਵੀ ਗ੍ਰਿਫ਼ਤਾਰ ਕਰਨਾ ਏਂ। ਇਹ ਆਪੇ ਦੱਸੇਗਾ ਉਹਨਾਂ ਦੇ ਨਾਂ। ਚਲ, ਲੈ ਚਲ।

ਸਿਪਾਹੀ–(ਉਸ ਨੂੰ ਘਸੀਟ ਕੇ) ਚਲ ਓਇ !

ਥਾਣੇਦਾਰ–ਸਗੋਂ ਘੁਗੂ ਬਣਿਆ ਖੜਾ ਏ ! ਜੀਭ ਨਾਲ ਲੱਗ ਗਈ। ਗੱਲਾਂ

ਮਾਰਦਾ ਸੀ ਚਪੜ ਢਪੜ। ਸਾਨੂੰ ਧੋਖਾ ਦੇਣ ਲਈ ਆਖਦਾ ਏਂ ਟਾਂਗੇ ਦੇ ਬੰਬ। ਓਥੇ ਜਾ ਕੇ ਪੁਛਾਂਗੇ ਕਿਹੜੇ ਬੰਬ ਬਣਾਂਦਾ ਏਂ ਤੂੰ, ਚਲ !

ਵਜ਼ੀਰਾ ਰੌਲਾ ਪਾਉਂਦਾ ਹੈ ।
ਸਿਪਾਹੀ ਉਸ ਨੂੰ ਘਸੀਟ ਕੇ ਲੈ ਜਾਂਦਾ ਹੈ।
ਥਾਣੇਦਾਰ ਸੋਟੀ ਘੁਮਾਂਦਾ ਹੋਇਆ ਜਾਂਦਾ ਹੈ।
ਵੀਰਾਂ ਵਾਲੀ ਉੱਚੀ ਉੱਚੀ ਰੌਲਾ ਪਾਂਦੀ ਹੋਈ
ਗਲੀ ਵਿਚ ਜਾਂਦੀ ਹੈ।

[ਪਰਦਾ ਡਿੱਗਦਾ ਹੈ]